بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਹੱਬਤਿ ਇਲਾਹੀ ਦਾ ਇਮਾਨ ਅਫ਼ਰੋਜ਼ ਤਜ਼ਕਿਰਾ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 23 ਜਨਵਰੀ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦਾ ਬਿਆਨ ਹੋ ਰਿਹਾ ਸੀ। ਪਿਛਲੇ ਖ਼ੁਤਬਿਆਂ ਵਿੱਚ **ਮੁਹੱਬਤਿ ਇਲਾਹੀ** ਦਾ ਜ਼ਿਕਰ ਹੋ ਰਿਹਾ ਸੀ। ਇਸ ਬਾਰੇ ਅੱਜ ਕੁੱਝ ਹੋਰ ਬਿਆਨ ਕਰਾਂਗਾ। ਆਪ ﷺ ਦੀ ਇਬਾਦਤ ਦਾ ਤਰੀਕ਼ਾ ਅਤੇ ਉਸ ਦਾ ਹੁਸਨ ਕੁੱਝ ਪਹਿਲੇ ਵੀ ਬਿਆਨ ਹੋਇਆ ਸੀ, ਅੱਜ ਵੀ ਅਹਾਦੀਸ ਦੇ ਹਵਾਲੇ ਨਾਲ ਵੀ ਅਤੇ ਇਸੇ ਤਰ੍ਹਾਂ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਜਿਸ ਤਰ੍ਹਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ **ਮੁਕ਼ਾਮ** ਅਤੇ **ਮਰਤਬੇ** ਅਤੇ ਇਸ਼ਕ਼ਿ ਇਲਾਹੀ ਦਾ ਨਕ਼ਸ਼ਾ ਖਿੱਚਿਆ ਹੈ, ਉਸ ਦੇ ਵੀ ਕੁੱਝ ਹਵਾਲੇ ਹਨ।

ਹਜ਼ਰਤ ਹੁਜ਼ੈਫ਼ਾ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੈਂ ਨਬੀ ਕਰੀਮ ﷺ ਦੇ ਨਾਲ ਇੱਕ ਰਾਤ ਨਮਾਜ਼ ਪੜ੍ਹੀ। ਆਪ ﷺ ਨੇ ਸੂਰਤ ਬਕ਼ਰਾ ਤੋਂ ਸ਼ੁਰੂ ਕੀਤਾ। ਫਿਰ ਮੈਂ ਸੋਚਿਆ ਕਿ ਇਸ ‘ਤੇ ਯਾਨੀ ਸੂਰਤ ਪੂਰੀ ਕਰਨ ‘ਤੇ **ਰੁਕੂਅ** ਕਰ ਲੈਣਗੇ ਪਰ ਆਪ ﷺ ਅੱਗੇ ਲੰਘ ਗਏ। ਫਿਰ ਮੈਂ ਸੋਚਿਆ ਕਿ ਇਸ ‘ਤੇ ਆਪ ﷺ ਰੁਕੂਅ ਕਰ ਲੈਣਗੇ ਲੇਕਿਨ ਫਿਰ ਆਪ ﷺ ਅੱਗੇ ਲੰਘ ਗਏ। ਫਿਰ ਆਪ ﷺ ਨੇ ਸੂਰਤ ਨਿਸਾਅ ਸ਼ੁਰੂ ਕਰ ਦਿੱਤੀ ਅਤੇ ਆਪ ﷺ ਨੇ ਉਸਨੂੰ ਪੜ੍ਹਿਆ। ਫਿਰ ਆਪ ﷺ ਨੇ ਆਲਿ ਇਮਰਾਨ ਸ਼ੁਰੂ ਕਰ ਦਿੱਤੀ ਅਤੇ ਉਸਨੂੰ ਪੜ੍ਹਿਆ। ਆਪ ﷺ ਬੜੇ ਹੌਲ਼ੀ ਅੰਦਾਜ਼ ਵਿੱਚ ਅਤੇ ਠਹਿਰ ਠਹਿਰ ਕੇ ਪੜ੍ਹਦੇ ਸਨ। ਜਦ ਆਪ ﷺ ਅਜਿਹੀ ਆਯਤ ਤੋਂ ਲੰਘਦੇ ਜਿਸ ਵਿੱਚ **ਤਸਬੀਹ** ਹੁੰਦੀ ਤਾਂ ਤਸਬੀਹ ਕਰਦੇ। ਜਦ ਆਪ ﷺ ਕਿਸੇ **ਸਵਾਲ** ਦੀ ਆਯਤ ਤੋਂ ਲੰਘਦੇ ਤਾਂ ਸਵਾਲ ਕਰਦੇ ਅਤੇ ਜਦ ਅਜਿਹੀ ਆਯਤ ਤੋਂ ਲੰਘਦੇ ਜਿੱਥੇ ਅੱਲਾਹ ਤਆਲਾ ਦੀ **ਪਨਾਹ** ਮੰਗਣ ਦਾ ਜ਼ਿਕਰ ਹੁੰਦਾ ਤਾਂ ਪਨਾਹ ਤਲਬ ਕਰਦੇ। ਫਿਰ ਆਪ ﷺ ਨੇ ਰੁਕੂਅ ਕੀਤਾ ਤੇ ਕਹਿਣ ਲੱਗੇ سُبۡحَانَ رَبِّیَ الۡعَظِیۡمِ ਪਾਕ ਹੈ ਮੇਰਾ ਰੱਬ ਬੜੀ ਅਜ਼ਮਤ ਵਾਲਾ। ਫਿਰ ਆਪ ﷺ ਦਾ ਰੁਕੂਅ ਆਪ ﷺ ਦੇ ਕ਼ਿਆਮ ਜਿੰਨਾ ਹੀ ਸੀ, ਯਾਨੀ ਬਹੁਤ ਲੰਮਾ ਰੁਕੂਅ ਸੀ। ਫਿਰ ਆਪ ﷺ ਨੇ سَمِعَ اللّٰہُ لِمَنۡ حَمِدَہٗ ਕਿਹਾ ਯਾਨੀ ਅੱਲਾਹ ਨੇ ਸੁਣ ਲਈ ਉਸ ਦੀ ਜਿਸਨੇ ਉਸ ਦੀ ਹਮ੍ਦ ਕੀਤੀ। ਫਿਰ ਆਪ ﷺ ਨੇ ਲੰਮਾ ਕ਼ਿਆਮ ਕੀਤਾ ਜਿਹੜਾ ਆਪ ﷺ ਦੇ ਰੁਕੂਅ ਦੇ ਕ਼ਰੀਬ ਕ਼ਰੀਬ ਸੀ। ਫਿਰ ਆਪ ﷺ ਨੇ **ਸਜਦਾ** ਕੀਤਾ ਅਤੇ ਕਿਹਾ سُبۡحَانَ رَبِّیَ الۡاَعۡلٰی ਪਾਕ ਹੈ ਮੇਰਾ ਰੱਬ ਬੜੀ ਬੁਲੰਦ ਸ਼ਾਨ ਵਾਲਾ। ਆਪ ﷺ ਦਾ ਸਜਦਾ ਆਪ ﷺ ਦੇ ਕ਼ਿਆਮ ਦੇ ਕ਼ਰੀਬ ਕ਼ਰੀਬ ਸੀ।

ਇਸੇ ਤਰ੍ਹਾਂ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਬਿਆਨ ਕਰਦੇ ਹਨ ਕਿ ਇੱਕ ਰਾਤ ਨਬੀ ਕਰੀਮ ﷺ ਨੇ ਕ਼ੁਰਆਨ ਮਜੀਦ ਦੀ ਇੱਕ ਹੀ ਆਯਤ ਦੀ ਤਿਲਾਵਤ ਕਰਦੇ ਹੋਏ ਕ਼ਿਆਮ ਕੀਤਾ। ਉੱਥੇ ਤਾਂ ਸਹਾਬੀ ਦੀ ਰਿਵਾਇਤ ਹੈ ਕਿ ਕਈ ਲੰਮੀਆਂ ਲੰਮੀਆਂ ਸੂਰਤਾਂ ਪੜ੍ਹੀਆਂ ਇੱਥੇ ਇਹ ਹੈ ਕਿ ਇੱਕ ਹੀ ਆਯਤ ‘ਤੇ ਲੰਮਾ ਕ਼ਿਆਮ ਕੀਤਾ। ਇਸੇ ਤਰ੍ਹਾਂ

ਹਜ਼ਰਤ ਅਬੂਜ਼ਰ ਗ਼ੱਫ਼ਾਰੀ ਰਜ਼ਿ ਅੱਲਾਹੁ ਅਨਹੁ ਨੇ ਬਿਆਨ ਕੀਤਾ ਕਿ ਨਬੀ ਕਰੀਮ ﷺ ਇਬਾਦਤ ਦੇ ਲਈ ਖੜੇ ਹੋਏ ਅਤੇ ਇੱਕ ਹੀ **ਆਯਤ** ਨੂੰ ਸਵੇਰ ਤੱਕ ਵਾਰ-ਵਾਰ ਪੜ੍ਹਦੇ ਰਹੇ ਕਿ ਜੇਕਰ ਤੂੰ ਉਨ੍ਹਾਂ ਨੂੰ **ਅਜ਼ਾਬ** ਦੇਵੇਂ ਤਾਂ ਆਖ਼ਿਰ ਤੇਰੇ ਬੰਦੇ ਹਨ ਅਤੇ ਜੇਕਰ ਤੂੰ ਉਨ੍ਹਾਂ ਨੂੰ **ਮੁਆਫ਼** ਕਰ ਦੇਵੇਂ ਤਾਂ ਯਕ਼ੀਨਨ ਤੂੰ ਮੁਕੰਮਲ ਗ਼ਲਬੇ ਵਾਲਾ ਅਤੇ ਹਿਕਮਤ ਵਾਲਾ ਹੈਂ।

ਫਿਰ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਤੋਂ ਰਿਵਾਇਤ ਹੈ ਉਹ ਕਹਿੰਦੀ ਹਨ ਕਿ ਰਸੂਲੁੱਲਾਹ ﷺ ਦੇ ਦੌਰ ਵਿੱਚ ਸੂਰਜ ਗ੍ਰਹਿਣ ਹੋਇਆ। ਰਸੂਲੁੱਲਾਹ ﷺ ਨੇ ਨਮਾਜ਼ ਪੜ੍ਹਾਈ। ਆਪ ﷺ ਬਹੁਤ ਲੰਮੇ **ਕ਼ਿਆਮ**, **ਰੁਕੂਅ** ਅਤੇ **ਸਜਦੇ** ਕਰਨ ਦੇ ਬਾਅਦ ਨਮਾਜ਼ ਤੋਂ ਵਿਹਲੇ ਹੋਏ ਅਤੇ ਸੂਰਜ ਰੌਸ਼ਨ ਹੋ ਚੁੱਕਿਆ ਸੀ। ਫਿਰ ਆਪ ﷺ ਨੇ ਲੋਕਾਂ ਨੂੰ ਖ਼ੁਤਬਾ ਇਰਸ਼ਾਦ ਫ਼ਰਮਾਇਆ। ਆਪ ﷺ ਨੇ ਅੱਲਾਹ ਦੀ ਹਮ੍ਦ ਅਤੇ ਉਸਦੀ ਸਨਾਅ ਬਿਆਨ ਕੀਤੀ। ਫਿਰ ਫ਼ਰਮਾਇਆ: ਸੂਰਜ ਅਤੇ ਚੰਦ ਅੱਲਾਹ ਤਆਲਾ ਦੇ ਨਿਸ਼ਾਨਾਂ ਵਿੱਚੋਂ ਹਨ ਅਤੇ ਇਹ ਦੋਵੇਂ ਕਿਸੇ ਸ਼ਖ਼ਸ ਦੀ **ਮੌਤ** ਅਤੇ ਕਿਸੇ ਦੀ **ਜ਼ਿੰਦਗੀ** ਦੇ ਲਈ ਨਹੀਂ ਗ੍ਰਹਿਣਾਏ ਜਾਂਦੇ। ਬਸ ਜਦ ਤੁਸੀਂ ਇਨ੍ਹਾਂ ਦੋਹਾਂ ਨੂੰ ਦੇਖੋ ਤਾਂ ਅੱਲਾਹ ਤਆਲਾ ਦੀ ਵਡਿਆਈ ਬਿਆਨ ਕਰੋ। ਅੱਲਾਹ ਤਆਲਾ ਤੋਂ **ਦੁਆ** ਕਰੋ, **ਨਮਾਜ਼** ਪੜ੍ਹੋ ਅਤੇ **ਸਦਕ਼ਾ** ਦਿਓ। ਫਿਰ ਫ਼ਰਮਾਇਆ: ਐ ਮੁਹੰਮਦ ਦੀ ਉੱਮਤ! ਅੱਲਾਹ ਤਆਲਾ ਤੋਂ ਜ਼ਿਆਦਾ ਕੋਈ ਵੀ ਸ਼ਖ਼ਸ ਗ਼ੈਰਤ ਵਾਲਾ ਨਹੀਂ ਹੈ ਕਿ ਉਸਦਾ ਬੰਦਾ ਜ਼ਿਨਾ ਕਰੇ ਜਾਂ ਉਸਦੀ ਬੰਦੀ ਜ਼ਿਨਾ ਕਰੇ। ਫਿਰ ਆਪ ﷺ ਨੇ ਫ਼ਰਮਾਇਆ: ਐ ਮੁਹੰਮਦ ਦੀ ਉੱਮਤ! ਖ਼ੁਦਾ ਦੀ ਕ਼ਸਮ ਜੇਕਰ ਤੁਸੀਂ ਉਹ ਜਾਣਦੇ ਜੋ ਮੈਂ ਜਾਣਦਾ ਹਾਂ ਤਾਂ ਤੁਸੀਂ ਬਹੁਤ ਜ਼ਿਆਦਾ ਰੋਂਦੇ ਅਤੇ ਬਹੁਤ ਘੱਟ ਹੱਸਦੇ। ਫਿਰ ਆਪ ﷺ ਨੇ ਫ਼ਰਮਾਇਆ ਸੁਣੋ! ਕੀ ਮੈਂ ਪਹੁੰਚਾ ਦਿੱਤਾ?

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਬਸ ਆਪ ﷺ ਨੇ ਖ਼ੁਦਾ ਤਆਲਾ ਵੱਲ ਪਰਤਣ, ਉਸ ਦੀ ਇਬਾਦਤ ਕਰਨ, ਉਸ ਵੱਲ ਝੁਕਣ ਦੀ ਤਵੱਜੋ ਦਵਾਈ ਅਤੇ ਫ਼ਰਮਾਇਆ ਕਿ ਇਸ ਦੇ ਵਿੱਚ ਤੁਹਾਡੀ **ਬਕ਼ਾ** ਹੈ, ਇਸ ਦੇ ਵਿੱਚ ਤੁਹਾਡੀ **ਜ਼ਿੰਦਗੀ** ਹੈ ਅਤੇ ਜੇਕਰ ਤੁਹਾਨੂੰ ਇਨ੍ਹਾਂ ਗੱਲਾਂ ਦੀ ਗਹਿਰਾਈ ਦਾ ਪਤਾ ਹੋਵੇ ਜਿਸ ਤਰ੍ਹਾਂ ਮੈਨੂੰ ਪਤਾ ਹੈ ਤਾਂ ਤੁਸੀਂ ਲੋਕ ਹੱਸਣਾ ਛੱਡ ਦਿੰਦੇ ਅਤੇ ਰੋਂਦੇ ਜ਼ਿਆਦਾ ਅਤੇ ਅੱਲਾਹ ਤਆਲਾ ਤੋਂ ਦੁਆਵਾਂ ਕਰਦੇ। ਬਸ ਇਹ ਤਵੱਜੋ ਦਵਾਈ ਕੇ ਸਾਨੂੰ ਵੀ ਦੁਆਵਾਂ ਵੱਲ ਬਹੁਤ ਤਵੱਜੋ ਦੇਣੀ ਚਾਹੀਦੀ ਹੈ ਅਤੇ ਅੱਲਾਹ ਤਆਲਾ ਨਾਲ ਖ਼ਾਸ ਤਅੱਲੁਕ਼ ਪੈਦਾ ਕਰਨਾ ਚਾਹੀਦਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸੇ ਤਰ੍ਹਾਂ ਆਪ ﷺ ਕੋਈ ਵੱਡਾ ਕੰਮ ਬਗ਼ੈਰ ਅੱਲਾਹ ਤਆਲਾ ਦੇ ਹੁਕਮ ਦੇ ਨਹੀਂ ਕਰਦੇ ਸਨ, ਜਦ ਅੱਲਾਹ ਤਆਲਾ ਦਾ ਹੁਕਮ ਹੁੰਦਾ ਸੀ ਤਾਂ ਕਰਦੇ ਸਨ। ਚੁਨਾਂਚਿ ਅਸੀਂ ਦੇਖਦੇ ਹਾਂ ਕਿ ਬਾਵਜੂਦ ਮੱਕੇ ਦੇ ਲੋਕਾਂ ਦੇ ਸ਼ਦੀਦ ਜ਼ੁਲਮਾਂ ਦੇ ਆਪ ﷺ ਨੇ ਮੱਕਾ ਉਸ ਵੇਲੇ ਤੱਕ ਨਾ ਛੱਡਿਆ ਜਦ ਤੱਕ ਕਿ ਖ਼ੁਦਾ ਤਆਲਾ ਦੇ ਵੱਲੋਂ ਆਪ ﷺ 'ਤੇ ਵਹੀ (ਅਕਾਸ਼ਬਾਣੀ) ਨਾਜ਼ਿਲ ਨਾ ਹੋਈ ਅਤੇ ਵਹੀ (ਅਕਾਸ਼ਬਾਣੀ) ਦੇ ਜ਼ਰੀਏ ਆਪ ﷺ ਨੂੰ ਮੱਕਾ ਛੱਡਣ ਦਾ ਹੁਕਮ ਨਾ ਦਿੱਤਾ ਗਿਆ। ਮੱਕੇ ਵਾਲਿਆਂ ਦੇ ਜ਼ੁਲਮਾਂ ਦੀ ਸ਼ਿੱਦਤ ਨੂੰ ਦੇਖ ਕੇ ਆਪ ﷺ ਨੇ ਜਦ ਸਹਾਬਾ ਨੂੰ **ਹਬਸ਼ਾ** ਵੱਲ ਹਿਜਰਤ ਕਰ ਜਾਣ ਦੀ ਇਜਾਜ਼ਤ ਦਿੱਤੀ, ਉਨ੍ਹਾਂ ਨੇ ਆਪ ﷺ ਕੋਲ ਖ਼ਾਹਿਸ਼ ਜ਼ਾਹਿਰ ਕੀਤੀ ਕਿ ਆਪ ﷺ ਵੀ ਉਨ੍ਹਾਂ ਦੇ ਨਾਲ ਚੱਲੋ। ਆਪ ﷺ ਨੇ ਫ਼ਰਮਾਇਆ ਕਿ ਮੈਨੂੰ ਅਜੇ ਖ਼ੁਦਾ ਤਆਲਾ ਵੱਲੋਂ ਇਜਾਜ਼ਤ ਨਹੀਂ ਮਿਲੀ।

ਮੁਹੱਬਤਿ ਇਲਾਹੀ ਦੇ ਬਾਰੇ ਤਾਇਫ਼ ਦੇ ਸਫ਼ਰ ਵਿੱਚ ਆਪ ﷺ ਦੇ ਜ਼ਖ਼ਮੀ ਹੋਣ ਦਾ ਵਾਕ਼ਿਆ ਤਾਰੀਖ਼ ਵਿੱਚ ਬਿਆਨ ਹੋਇਆ ਹੈ। 10 ਨਬਵੀ ਵਿੱਚ ਅਬੂ ਤਾਲਿਬ ਦੀ ਵਫ਼ਾਤ ਦੇ ਬਾਅਦ ਜਦ ਕ਼ੁਰੈਸ਼ ਨੇ ਰਸੂਲੁੱਲਾਹ ﷺ 'ਤੇ ਦੁਬਾਰਾ ਜ਼ੁਲਮ ਸ਼ੁਰੂ ਕੀਤੇ ਤਾਂ ਆਪ ﷺ ਤਾਇਫ਼ ਤਸ਼ਰੀਫ਼ ਲੈ ਗਏ। ਆਪ ﷺ ਦਸ ਦਿਨ ਤੱਕ ਤਾਇਫ਼ ਵਿੱਚ ਰਹੇ ਅਤੇ ਇਸਲਾਮ ਦੀ ਦਾਅਵਤ ਦਿੰਦੇ ਰਹੇ ਪਰ ਕਿਸੇ ਨੇ ਵੀ ਆਪ ﷺ ਦੀ ਦਾਅਵਤ ਕ਼ਬੂਲ ਨਾ ਕੀਤੀ। ਸਹੀਹ ਬੁਖ਼ਾਰੀ ਵਿੱਚ ਇਸ ਵਾਕੇ ਦੇ ਬਾਰੇ ਰਿਵਾਇਤ ਹੈ ਕਿ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਨੇ ਨਬੀ ਕਰੀਮ ﷺ ਕੋਲ ਅਰਜ਼ ਕੀਤਾ ਕਿ ਆਪ ﷺ 'ਤੇ ਉਹਦ ਦੇ ਦਿਨ ਤੋਂ ਜ਼ਿਆਦਾ ਵੀ ਸਖ਼ਤ ਕੋਈ ਦਿਨ ਆਇਆ ਹੈ? ਆਪ ﷺ ਨੇ ਫ਼ਰਮਾਇਆ ਕਿ ਉਹ ਦਿਨ ਜ਼ਿਆਦਾ ਸਖ਼ਤ ਸੀ ਜਿਹੜਾ ਮੈਨੂੰ ਉਨ੍ਹਾਂ ਦੇ ਵੱਲੋਂ ਉਕ਼ਬਾ ਦੇ ਦਿਨ ਪਹੁੰਚਿਆ ਯਾਨੀ ਤਾਇਫ਼ ਵਿੱਚ ਜਦ ਮੈਂ ਆਪਣਾ ਨਫ਼ਸ **ਇਬਨਿ ਅਬੀ ਅਬਦਿ ਯਾਲੈਲ ਬਿਨ ਅਬਦਿ ਕੁਲਾਲ** ਦੇ ਸਾਹਮਣੇ ਪੇਸ਼ ਕੀਤਾ। ਜੋ ਮੈਂ ਚਾਹੁੰਦਾ ਸੀ ਉਸ ਨੇ ਉਹ ਜਵਾਬ ਨਾ ਦਿੱਤਾ। ਬਸ ਮੈਂ ਉਥੋਂ ਚੱਲਿਆ ਅਤੇ ਮੈਂ ਫ਼ਿਕਰਮੰਦ ਸੀ। ਆਪਣੇ ਧਿਆਨ ਵਿੱਚ ਜਾ ਰਿਹਾ ਸੀ ਜਦ ਮੈਂ **ਕ਼ਰਨੁੱਸ੍ ਸਆਲਬ** ਪਹੁੰਚਿਆ ਤਾਂ ਇਹ ਹਾਲਤ ਦੂਰ ਹੋਈ ਅਤੇ ਮੈਂ ਆਪਣਾ ਸਿਰ ਚੁੱਕਿਆ ਤਾਂ ਦੇਖਿਆ ਕਿ ਇੱਕ ਬੱਦਲ ਨੇ ਮੇਰੇ 'ਤੇ ਪਰਛਾਵਾਂ ਕੀਤਾ ਹੋਇਆ। ਜਦ ਮੈਂ ਦੇਖਿਆ ਕਿ ਇਸ ਵਿੱਚ ਹਜ਼ਰਤ ਜਿਬਰਾਈਲ ਅਲੈਹਿੱਸ੍ ਸਲਾਮ

ਹਨ। ਉਨ੍ਹਾਂ ਨੇ ਮੈਨੂੰ ਪੁਕਾਰ ਕੇ ਕਿਹਾ ਕਿ ਅੱਲਾਹ ਨੇ ਤੁਹਾਡੇ ਬਾਰੇ ਤੁਹਾਡੀ ਕ਼ੌਮ ਦੀ ਗੱਲ ਸੁਣ ਲਈ ਹੈ ਅਤੇ ਤੁਹਾਡੇ ਵੱਲ ਪਹਾੜਾਂ ਦਾ ਫ਼ਰਿਸ਼ਤਾ ਭੇਜਿਆ ਹੈ ਕਿ ਤੁਸੀਂ ਉਨ੍ਹਾਂ ਦੇ ਬਾਰੇ ਜੋ ਚਾਹੋ ਹੁਕਮ ਕਰੋ। ਨਬੀ ਕਰੀਮ ﷺ ਫ਼ਰਮਾਉਂਦੇ ਹਨ ਕਿ ਫਿਰ ਮੈਨੂੰ ਪਹਾੜਾਂ ਦੇ ਫ਼ਰਿਸ਼ਤੇ ਨੇ ਪੁਕਾਰਿਆ ਅਤੇ ਸਲਾਮ ਕੀਤਾ। ਫਿਰ ਕਿਹਾ ਕਿ ਐ ਮੁਹੰਮਦ! ਆਪ ﷺ ਇਸ ਬਾਰੇ ਜੋ ਚਾਹੋ ਹੁਕਮ ਦਿਓ। ਜੇਕਰ ਤੁਸੀਂ ਚਾਹੋ ਤਾਂ ਮੈਂ ਇਨ੍ਹਾਂ ਦੋਹਾਂ ਪਹਾੜਾਂ ਨੂੰ ਇਨ੍ਹਾਂ 'ਤੇ ਮਿਲਾ ਦੇਵਾਂ। ਨਬੀ ਕਰੀਮ ﷺ ਨੇ ਫ਼ਰਮਾਇਆ ਕਿ ਨਹੀਂ ਮੈਂ ਉਮੀਦ ਕਰਦਾ ਹਾਂ ਕਿ ਅੱਲਾਹ ਇਨ੍ਹਾਂ ਦੀ ਔਲਾਦ ਵਿੱਚੋਂ ਅਜਿਹੇ ਲੋਕ ਪੈਦਾ ਕਰੇਗਾ ਜਿਹੜੇ ਇੱਕ ਅੱਲਾਹ ਦੀ **ਇਬਾਦਤ** ਕਰਨਗੇ ਅਤੇ ਉਸ ਦੇ ਨਾਲ਼ ਕਿਸੇ ਨੂੰ **ਸ਼ਰੀਕ** ਨਹੀਂ ਠਹਿਰਾਉਣਗੇ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਬਸ ਆਪ ﷺ ਦੀ ਹਮਦਰਦੀ ਇੱਥੇ ਵੀ ਗ਼ਾਲਿਬ ਆਈ ਅਤੇ ਆਪ ﷺ ਨੇ ਉਸ ਕ਼ੌਮ ਨੂੰ ਬਚਾ ਲਿਆ ਅਤੇ ਫਿਰ ਫ਼ਤਹਿ ਮੱਕਾ ਦੇ ਕੁੱਝ ਅਰਸੇ ਬਾਅਦ ਉਨ੍ਹਾਂ ਦੀਆਂ ਔਲਾਦਾਂ ਨੇ ਇਸਲਾਮ ਵੀ ਕ਼ਬੂਲ ਕਰ ਲਿਆ।

ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਮੁਕ਼ਾਮ ਅਤੇ ਮਰਤਬੇ ਦੇ ਬਾਰੇ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਉਹ ਉਚੇਰੇ ਦਰਜੇ ਦਾ ਨੂਰ ਜਿਹੜਾ ਇਨਸਾਨ ਨੂੰ ਦਿੱਤਾ ਗਿਆ ਯਾਨੀ ਇਨਸਾਨਿ ਕਾਮਿਲ ਨੂੰ, ਉਹ **ਫ਼ਰਿਸ਼ਤਿਆਂ** ਵਿੱਚ ਨਹੀਂ ਸੀ, **ਸਿਤਾਰਿਆਂ** ਵਿੱਚ ਨਹੀਂ ਸੀ, **ਚੰਦ੍ਰਮਾ** ਵਿੱਚ ਨਹੀਂ ਸੀ, **ਸੂਰਜ** ਵਿੱਚ ਵੀ ਨਹੀਂ ਸੀ, ਉਹ ਜ਼ਮੀਨ ਦਿਆਂ **ਸਮੁੰਦਰਾਂ** ਅਤੇ **ਦਰਿਆਵਾਂ** ਵਿੱਚ ਵੀ ਨਹੀਂ ਸੀ, ਉਹ **ਲਾਲ** ਅਤੇ **ਯਾਕੂਤ** ਅਤੇ **ਜ਼ਮੁੱਰਦ** ਅਤੇ **ਅਲਮਾਸ** ਅਤੇ **ਮੋਤੀ** ਵਿੱਚ ਵੀ ਨਹੀਂ ਸੀ, ਭਾਵ ਉਹ ਕਿਸੇ **ਜ਼ਮੀਨੀ** ਅਤੇ **ਆਸਮਾਨੀ** ਚੀਜ਼ ਵਿੱਚ ਨਹੀਂ ਸੀ। ਸਿਰਫ਼ ਇਨਸਾਨ ਵਿੱਚ ਸੀ ਯਾਨੀ ਇਨਸਾਨਿ ਕਾਮਿਲ ਵਿੱਚ ਜਿਸ ਦਾ ਤਮਾਮ ਅਤੇ ਮੁਕੰਮਲ ਅਤੇ ਉਚੇਰਾ ਅਤੇ ਸਭ ਤੋਂ ਉੱਚਾ ਸ਼ਖ਼ਸ ਸਾਡੇ ਸੱਯਦ ਅਤੇ ਮੌਲਾ ਨਬੀਆਂ ਦੇ ਸਰਦਾਰ ਮੁਹੰਮਦ ਮੁਸਤਫ਼ਾ ਸੱਲ-ਲੱਲਾਹੁ ਅਲੈਹਿ-ਵਸੱਲਮ ਹਨ। ਸੋ ਉਹ ਨੂਰ ਉਸ ਇਨਸਾਨ ਨੂੰ ਦਿੱਤਾ ਗਿਆ ਅਤੇ ਮਰਤਬਿਆਂ ਦੇ ਹਿਸਾਬ ਨਾਲ਼ ਉਸ ਦੇ ਸਾਰੇ ਹਮ ਰੰਗਾਂ ਨੂੰ ਵੀ ਯਾਨੀ ਉਨ੍ਹਾਂ ਲੋਕਾਂ ਨੂੰ ਜਿਹੜੇ ਕਿਸੇ ਕ਼ਦਰ ਉਹੀ ਰੰਗ ਰੱਖਦੇ ਹਨ।

ਹਜ਼ੂਰ ਅਨਵਰ ਨੇ ਇਸ ਬਾਰੇ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਕੁੱਝ ਹੋਰ ਬਸੀਰਤ ਅਫ਼ਰੋਜ਼ ਇਕ਼ਤਿਬਾਸਾਤ ਪੇਸ਼ ਕਰਨ ਦੇ ਬਾਅਦ ਫ਼ਰਮਾਇਆ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ **ਮੁਕ਼ਾਮ** ਅਤੇ **ਮਰਤਬੇ** ਦੀ ਇਹ ਉਹ ਉੱਚੀ ਕ਼ਿਸਮ ਦੀ ਸਮਝ ਸੀ, ਜਿਹੜੀ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੂੰ ਅੱਲਾਹ ਤਆਲਾ ਨੇ ਅਤਾ ਫ਼ਰਮਾਈ ਅਤੇ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਸਾਡੇ ਲਈ ਵੀ ਬਿਆਨ ਫ਼ਰਮਾਈ। ਇਸ ਦੇ ਬਾਵਜੂਦ ਸਾਡੇ ਮੁਖ਼ਾਲਿਫ਼ ਸਾਨੂੰ ਕਹਿੰਦੇ ਹਨ ਕਿ ਅਸੀਂ نعوذباللہ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ **ਤੌਹੀਨ** ਕਰਦੇ ਹਾਂ ਅਤੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੂੰ ਜ਼ਿਆਦਾ ਮੁਕ਼ਾਮ ਦਿੰਦੇ ਹਾਂ। ਅੱਲਾਹ ਤਆਲਾ ਇਨ੍ਹਾਂ ਦੇ ਸ਼ਰ ਤੋਂ ਹਰ ਅਹਮਦੀ ਨੂੰ ਬਚਾਵੇ।

ਹਜ਼ੂਰ ਅਨਵਰ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਹਨੇਰੀਆਂ ਰਾਤਾਂ ਦੀਆਂ ਮਕ਼ਬੂਲ ਦੁਆਵਾਂ ਦੀ ਤਾਸੀਰ ਬਿਆਨ ਕਰਦੇ ਹੋਏ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ ਆਪਣੇ ਜ਼ਾਤੀ ਤਜਰਬੇ ਨਾਲ਼ ਵੀ ਦੇਖ ਰਿਹਾ ਹਾਂ ਕਿ ਦੁਆਵਾਂ ਦੀ ਤਾਸੀਰ **ਪਾਣੀ** ਅਤੇ **ਅੱਗ** ਦੀ ਤਾਸੀਰ ਤੋਂ ਵੱਧ ਕੇ ਹੈ ਬਲਕਿ ਕ਼ੁਦਰਤੀ ਸਬੱਬਾਂ ਦੇ ਸਿਲਸਿਲੇ ਵਿੱਚ ਕੋਈ ਚੀਜ਼ ਅਜਿਹੀ ਵੱਡੀ ਤਾਸੀਰ ਵਾਲ਼ੀ ਨਹੀਂ ਜੈਸੀ ਕਿ ਦੁਆ ਹੈ।

ਆਖ਼ਿਰ ਵਿੱਚ ਹਜ਼ੂਰ ਅਨਵਰ ਨੇ ਇਸ ਬਾਰੇ ਦੁਆ ਕੀਤੀ ਕਿ ਅੱਲਾਹ ਤਆਲਾ ਸਾਨੂੰ ਇਸ ਰਸਤੇ 'ਤੇ ਚੱਲਦੇ ਹੋਏ ਮਕ਼ਬੂਲ ਦੁਆਵਾਂ ਦੀ ਤੌਫ਼ੀਕ਼ ਦੇਵੇ ਅਤੇ ਹਕ਼ੀਕ਼ੀ ਰੰਗ ਵਿੱਚ ਦੁਆਵਾਂ ਕਰਨ ਦੀ ਤੌਫ਼ੀਕ਼ ਦੇਵੇ ਅਤੇ ਹਕ਼ੀਕ਼ਤ ਵਿੱਚ ਉਹ ਹਕ਼ੀਕ਼ੀ ਮੋਮਿਨ ਬਣਾਵੇ ਜਿਹੜਾ ਦੁਆਵਾਂ ਦਾ ਵੀ **ਹੱਕ਼** ਅਦਾ ਕਰਨ ਵਾਲ਼ਾ ਹੋਵੇ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ **ਉਸਵੇ** 'ਤੇ ਚੱਲਣ ਦੀ ਕੋਸ਼ਿਸ਼ ਕਰਨ ਵਾਲ਼ਾ ਵੀ ਹੋਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞